# ਦਿ ਡਰਾਈਵ




ਸਤੰਬਰ 2025 ਅੰਕ 30

## ਇਸ ਐਡੀਸ਼ਨ ਵਿੱਚ

1 ਜੁਲਾਈ, 2024 ਨੂੰ ਓ ਬੀ ਸੀ ਸੀ ਟੀ ਸੀ ਨੇ ਡਰਾਈਵਰਾਂ ਨੂੰ ਦਿੱਤੇ ਜਾਣ ਵਾਲੇ ਨਿਯੂਨਤਮ ਨਿਯੰਤਰਿਤ ਰੇਟਾਂ ਵਿੱਚ 2.6% ਦਾ ਵਾਧਾ ਕੀਤਾ, ਨਾਲ ਹੀ ਕੰਪਨੀ ਡਰਾਈਵਰਾਂ ਲਈ ਤਨਖਾਹ ਪਾੜੇ ਦਾ ਅੰਤਿਮ ਸੁਧਾਰ ਵੀ ਲਾਗੂ ਕੀਤਾ। ਖਪਤਕਾਰ ਮੁੱਲ ਸੂਚਕਾਂਕ ਨਾਲ ਜੁੜੀਆਂ ਸਾਲਾਨਾ ਤਬਦੀਲੀਆਂ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਡਰਾਈਵਰ ਰਹਿਣ-ਸਹਿਣ ਦੇ ਵੱਧ ਰਹੇ ਖਰਚਿਆਂ ਨਾਲ ਕਦਮ ਮਿਲਾ ਸਕਣ ਅਤੇ ਲਾਈਸੈਂਸੀਸ ਨੂੰ ਉਦਯੋਗ ਵਿੱਚ ਨਿਸ਼ਚਤਤਾ ਅਤੇ ਸਥਿਰਤਾ ਪ੍ਰਦਾਨ ਕੀਤੀ ਜਾ ਸਕੇ।

ਓ ਬੀ ਸੀ ਸੀ ਟੀ ਸੀ *ਕੰਟੇਨਰ ਟਰੱਕਿੰਗ ਐਕਟ*, *ਕੰਟੇਨਰ ਟਰੱਕਿੰਗ ਰੈਗੂਲੇਸ਼ਨ* ਅਤੇ ਸੀ ਟੀ ਐੱਸ ਲਾਈਸੈਂਸ ਨੂੰ ਲਾਗੂ ਕਰਨਾ ਜਾਰੀ ਰੱਖ ਰਿਹਾ ਹੈ। ਸਾਡੀ ਆਡਿਟ ਪ੍ਰਕਿਰਿਆ ਰਾਹੀ ਅਸੀ ਇਹ ਵੇਖਿਆ ਹੈ ਕਿ ਸਾਰੇ ਲਾਈਸੈਂਸੀਸ ਡਰਾਈਵਰਾਂ ਨੂੰ ਉਹ ਤਨਖ਼ਾਹ ਸਟੇਟਮੈਂਟਸ ਨਹੀਂ ਦੇ ਰਹੇ ਹਨ ਜੋ ਕਿ ਸੀ ਟੀ ਐੱਸ ਲਾਈਸੈਂਸ ਵਿੱਚ ਨਿਰਧਾਰ ਜ਼ਰੂਰਤਾਂ ਨੂੰ ਪੂਰਾ ਕਰਦੀਆਂ ਹਨ। ਜਿੱਥੇ ਲਾਈਸੈਂਸੀਸ ਡਰਾਈਵਰਾਂ ਨੂੰ ਸਹੀ ਤਨਖ਼ਾਹ ਸਟੇਟਮੈਂਟਸ ਦੇਣ ਵਿੱਚ ਅਸਫ਼ਲ ਰਹੇ ਹਨ, ਉੱਥੇ ਪ੍ਰਬੰਧਕੀ ਜੁਰਮਾਨੇ ਲਗਾਏ ਗਏ ਹਨ। ਮੈਂ ਸਾਰਿਆਂ ਨੂੰ 21 ਅਗਸਤ, 2025 ਨੂੰ ਜਾਰੀ ਕੀਤੀ ਗਈ ਤਨਖ਼ਾਹ ਸਟੇਟਮੈਂਟ ਇੰਡਸਟਰੀ ਐੱਡਵਾਈਜ਼ਰੀ ਨੂੰ ਪੜ੍ਹਨ ਲਈ ਸਮਾਂ ਕੱਢਣ ਦੀ ਤਾਕੀਦ ਕਰਦਾ ਹਾਂ।

ਅਸੀ ਫ਼ੀਲਡ ਵਿੱਚ ਅਤੇ ਹਾਲ ਹੀ ਵਿੱਚ ਜਾਰੀ ਕੀਤੇ ਗਏ ਫ਼ੈਸਲਿਆਂ ਵਿੱਚ ਆਫ਼-ਡੌਕ ਪਾਲਣਾ ਨੂੰ ਯਕੀਨੀ ਬਣਾਉਣਾ ਜਾਰੀ ਰੱਖ ਰਹੇ ਹਾਂ, ਤਾਂ ਜੋ ਡਰਾਈਵਰਾਂ ਅਤੇ ਲਾਈਸੈਂਸੀਸ ਦੋਹਾਂ ਦੇ ਹਿੱਤਾਂ ਦੀ ਰੱਖਿਆ ਕੀਤੀ ਜਾ ਸਕੇ।

ਓ ਬੀ ਸੀ ਸੀ ਟੀ ਸੀ ਲੋਅਰ ਮੇਨਲੈਂਡ ਵਿੱਚ ਇੱਕ ਨਿਰਪੱਖ ਅਤੇ ਕੁਸ਼ਲ ਕੰਟੇਨਰ ਟਰੱਕਿੰਗ ਖੇਤਰ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਰਹਿੰਦਾ ਹੈ। ਅਸੀ ਇਹਨਾਂ ਯਤਨਾਂ ਵਿੱਚ ਤੁਹਾਡੇ ਲਗਾਤਾਰ ਸਹਿਯੋਗ ਅਤੇ ਸਮਰਥਨ ਦੀ ਕਦਰ ਕਰਦੇ ਹਾਂ।

ਸੱਚੇ ਦਿਲੋਂ,

ਗਲੈੱਨ ਮੈਕਇੰਨਸ

ਕੰਟੇਨਰ ਟਰੱਕਿੰਗ ਕਮਿਸ਼ਨਰ

## ਲਾਈਸੈਂਸੀਸ ਅਤੇ ਡਰਾਈਵਰਾਂ ਲਈ ਸ੍ਰੋਤ

**ਆਫ਼ਿਸ ਆਫ਼ ਦੀ ਬੀ ਸੀ ਕੰਟੇਨਰ ਟਰੱਕਿੰਗ ਕਮਿਸ਼ਨਰ**
604-660-6051
obcctc.ca

**ਕੌਨਫ਼ੀਡੈਂਸ਼ਲ ਡਰੇਅਜ ਕੰਪਲੇਂਟ ਲਾਈਨ (ਕੌਨਫ਼ੀਡੈਂਸਲਾਈਨ)**
1-877-713-5109
obcctc.ca/confidence-line

**ਵੈਨਕੂਵਰ ਫਰੇਜ਼ਰ ਪੋਰਟ ਅਥਾਰਿਟੀ ਟੀ ਐੱਲ ਐੱਸ ਐਡਮਨਿਸਟਰੇਟਰ**
604-665-9333

**ਓ ਬੀ ਸੀ ਸੀ ਟੀ ਸੀ ਰੇਟ ਆਰਡਰ**
obcctc.ca/rate-order

**ਓ ਬੀ ਸੀ ਸੀ ਟੀ ਸੀ ਦੇ ਫ਼ੈਸਲੇ**
obcctc.ca/decisions

**ਓ ਬੀ ਸੀ ਸੀ ਟੀ ਸੀ ਦੀਆਂ ਪਾਲਸੀਆਂ**
obcctc.ca/policies

**ਓ ਬੀ ਸੀ ਸੀ ਟੀ ਸੀ ਇੰਡਸਟਰੀ ਮਿਮੋਜ਼**
obcctc.ca/industry-communications

***ਕੰਟੇਨਰ ਟਰੱਕਿੰਗ ਐਕਟ***
obcctc.ca/act

***ਕੰਟੇਨਰ ਟਰੱਕਿੰਗ ਰੈਗੂਲੇਸ਼ਨ***
obcctc.ca/regulation

# ਨਵਾਂ ਕੀ ਹੈ

## ਤਨਖ਼ਾਹ ਸਟੇਟਮੈਂਟ ਪਾਰਦਰਸ਼ਤਾ

ਓ ਬੀ ਸੀ ਟੀ ਸੀ ਸੀ ਨੇ ਸਾਰੇ ਲਾਈਸੈਂਸੀਸ, ਆਈ ਈ ਓ ਵਾਲੇ ਆਈ/ਓ, ਅਤੇ ਡਰਾਈਵਰਾਂ ਨੂੰ ਯਾਦ ਦੁਆਇਆ ਕਿ ਸੀ ਟੀ ਐੱਸ ਲਾਈਸੈਂਸ ਅਧੀਨ ਲੋੜ ਅਨੁਸਾਰ ਹਰੇਕ ਤਨਖਾਹ ਅਵਧੀ ਲਈ ਸਪੱਸ਼ਟ, ਪੂਰੇ ਤਨਖਾਹ ਸਟੇਟਮੈਂਟ ਪ੍ਰਦਾਨ ਕਰਨੀ ਲਾਜ਼ਮੀ ਹੈ। ਤਨਖਾਹ ਸਟੇਟਮੈਂਟਸ ਵਿੱਚ ਸਾਰੇ ਲਾਜ਼ਮੀ ਵੇਰਵੇ ਸ਼ਾਮਲ ਹੋਣੇ ਚਾਹੀਦੇ ਹਨ, ਜਿਵੇਂ ਕਿ ਕਿੰਨੇ ਘੰਟੇ ਕੰਮ ਕੀਤਾ ਗਿਆ, ਰੇਟ, ਓਵਰਟਾਈਮ, ਭੱਤੇ, ਕਾਰਨਾਂ ਸਮੇਤ ਕਟੌਤੀਆਂ, ਅਤੇ ਕੁੱਲ/ਨੈੱਟ ਤਨਖਾਹ ਤਾਂ ਜੋ ਡਰਾਈਵਰ ਆਪਣੀ ਤਨਖਾਹ ਦੀ ਪੁਸ਼ਟੀ ਕਰ ਸਕਣ ਅਤੇ ਆਡੀਟਰ ਰਿਕਾਰਡਾਂ ਦਾ ਮੇਲ ਕਰ ਸਕਣ।

ਕੰਪਨੀ ਡਰਾਈਵਰ ਅਤੇ ਆਈ ਈ ਓ, ਘੰਟਾਵਾਰ ਆਈ/ਓ, ਅਤੇ ਟਰਿਪ ਅਧਾਰਿਤ ਆਈ/ਓ ਲਈ ਨਮੂਨਾ ਫ਼ਾਰਮੈਟ ਘੱਟੋ-ਘੱਟ ਪਾਲਣਾ ਮਾਪਦੰਡ ਵਜੋਂ ਪ੍ਰਦਾਨ ਕੀਤੇ ਗਏ ਹਨ। ਜਿਹੜੀਆਂ ਤਨਖ਼ਾਹ ਸਟੇਟਮੈਂਟਸ ਵਿੱਚ ਲੋੜੀਦੀ ਜਾਣਕਾਰੀ ਨਹੀ ਹੋਵੇਗੀ, ਉਹਨਾਂ ਨੂੰ ਗੈਰ-ਅਨੁਕੂਲ ਮੰਨਿਆ ਜਾਵੇਗਾ, ਅਤੇ ਇਹ ਲੋੜਾਂ ਪੂਰੀਆਂ ਨਾ ਕਰਨ ਦੀ ਸੂਰਤ ਵਿੱਚ ਪ੍ਰਬੰਧਕੀ ਜੁਰਮਾਨੇ ਲੱਗ ਸਕਦੇ ਹਨ।


ਇੱਥੇ ਇੰਡਸਟਰੀ ਐੱਡਵਾਈਜ਼ਰੀ ਪੜ੍ਹੋ






## ਨਿਯਮਾਂ ਦੀ ਪਾਲਣਾ ਬਾਰੇ ਓ ਬੀ ਸੀ ਸੀ ਟੀ ਸੀ ਵੱਲੋਂ ਤਾਜ਼ਾ ਜਾਣਕਾਰੀ





# ਤਾਜ਼ਾ ਫ਼ੈਸਲੇ

**ਫ਼ੋਰਫ਼ਾਰ ਇੰਟਰਪਰਾਈਸਿਸ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 24/2025) [ਰੀਕਨਸਿਡਰੇਸ਼ਨ ਫ਼ੈਸਲਾ]**
ਇਸ ਰੀਕਨਸਿਡਰੇਸ਼ਨ ਫ਼ੈਸਲੇ ਵਿੱਚ ਕਮਿਸ਼ਨਰ ਨੇ ਫ਼ੈਸਲੇ ਦੇ ਨੋਟਿਸ 'ਤੇ ਪੁਨਰਵਿਚਾਰ ਲਈ ਫ਼ੋਰਫ਼ਾਰ ਇੰਟਰਪਰਾਈਸਿਸ ਲਿਮਿਟਿਡ ਦੀ ਅਰਜ਼ੀ ਨੂੰ ਖਾਰਜ ਕਰ ਦਿੱਤਾ ਅਤੇ 5,000.00 ਡਾਲਰ ਦੇ ਪ੍ਰਬੰਧਕੀ ਜੁਰਮਾਨੇ ਨੂੰ ਬਰਕਰਾਰ ਰੱਖਿਆ।

**ਸੀਵਿਲ ਟਰਾਂਸਪੋਰਟ ਲੌਜਿਸਟਿਕਸ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 23/2025) – 3,000.00 ਡਾਲਰ ਜੁਰਮਾਨਾ**
ਸੀਵਿਲ ਟਰਾਂਸਪੋਰਟ ਲੌਜਿਸਟਿਕਸ ਲਿਮਿਟਿਡ ਮਾਰਚ 2024 ਵਿੱਚ *ਕੰਟੇਨਰ ਟਰੱਕਿੰਗ ਰੈਗੂਲੇਸ਼ਨ* ਵਿੱਚ ਨਿਰਧਾਰਤ ਸਮਾਂ-ਸੀਮਾਵਾਂ ਦੇ ਅੰਦਰ ਨਿਯੰਤਰਿਤ ਰੇਟ ਦਾ ਭੁਗਤਾਨ ਕਰਨ ਵਿੱਚ ਅਸਫਲ ਰਿਹਾ ਅਤੇ ਉਸਨੇ ਆਪਣੇ ਸੀ ਟੀ ਐੱਸ ਲਾਈਸੈਂਸ ਦੇ ਅੰਤਿਕਾ ਡੀ ਦੀ ਉਲੰਘਣਾ ਕਰਦਿਆਂ ਅਧੂਰੇ ਅਤੇ/ਜਾਂ ਗਲਤ ਪੇਰੋਲ ਰਿਕਾਰਡ ਬਣਾਏ। ਨਤੀਜੇ ਵਜੋਂ ਉਹਨਾਂ ਨੂੰ 3,000.00 ਡਾਲਰ ਦੀ ਰਕਮ ਵਿੱਚ ਪ੍ਰਬੰਧਕੀ ਜੁਰਮਾਨਾ ਲਗਾਇਆ ਗਿਆ।

**ਵਿਸਿਨਿਟੀ ਟਰਾਂਸਪੋਰਟੇਸ਼ਨ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 22/2025) – 7,000.00 ਡਾਲਰ ਜੁਰਮਾਨਾ**
ਵਿਸਿਨਿਟੀ ਟਰਾਂਸਪੋਰਟੇਸ਼ਨ ਲਿਮਿਟਿਡ ਆਪਣੇ ਸੀ ਟੀ ਐੱਸ ਲਾਈਸੈਂਸ ਦੀ ਉਲੰਘਣਾ ਕਰਦੇ ਹੋਏ ਇੱਕ ਨਿਸ਼ਚਿਤ ਸਮੇਂ ਦੇ ਵਿਚਕਾਰ ਕੰਮ ਕੀਤੇ ਘੰਟਿਆਂ ਅਤੇ ਕੀਤੇ ਗਏ ਟਰਿਪਸ ਦੀ ਗਿਣਤੀ ਨੂੰ ਟਰੈਕ ਕਰਨ ਲਈ ਆਪਣੇ ਟਰੱਕਾਂ ਵਿੱਚ ਉਪਕਰਣ ਰੱਖਣ ਵਿੱਚ ਅਸਫਲ ਰਿਹਾ। ਵਿਸਿਨਿਟੀ ਨੇ *ਐਕਟ* ਦੀ ਉਲੰਘਣਾ ਕਰਦਿਆਂ ਤਿੰਨ ਕੰਪਨੀ ਡਰਾਈਵਰਾਂ ਨੂੰ ਰੋਜ਼ਾਨਾ ਓਵਰਟਾਈਮ ਰੇਟਸ ਦਾ ਭੁਗਤਾਨ ਨਹੀਂ ਕੀਤਾ ਅਤੇ ਇੰਡੀਪੈਂਡੈਂਟ ਔਪਰੇਟਰਾਂ ਨੂੰ, ਜਿਹਨਾਂ ਨੂੰ ਆਮ ਤੌਰ 'ਤੇ ਪ੍ਰਤੀ ਟਰਿਪ ਭੁਗਤਾਨ ਕੀਤਾ ਜਾਂਦਾ ਹੈ, ਕੰਟੇਨਰ ਲਿਜਾਣ ਵੇਲੇ ਘੰਟਾਵਾਰੀ ਰੇਟ ਦਾ ਭੁਗਤਾਨ ਕੀਤਾ। ਨਤੀਜੇ ਵਜੋਂ, ਉਹਨਾਂ ਨੂੰ 7,000.00 ਡਾਲਰ ਦੀ ਰਕਮ ਵਿੱਚ ਪ੍ਰਬੰਧਕੀ ਜੁਰਮਾਨਾ ਲਗਾਇਆ ਗਿਆ।

**ਪਰੂਡੈਂਸ਼ੀਅਲ ਟਰਾਂਸਪੋਰਟੇਸ਼ਨ ਲਿਮਿਟਿਡ (ਸੀ ਟੀ ਸੀ ਫੈਸਲਾ ਨੰ. 21/2025) – 9,000.00 ਡਾਲਰ ਜੁਰਮਾਨਾ**
ਪਰੂਡੈਂਸ਼ੀਅਲ ਟਰਾਂਸਪੋਰਟੇਸ਼ਨ ਲਿਮਿਟਿਡ ਆਪਣੇ ਸੀ ਟੀ ਐੱਸ ਲਾਈਸੈਂਸ ਦੀ ਉਲੰਘਣਾ ਕਰਦਿਆਂ ਪੇਰੋਲ ਰਿਕਾਰਡ ਅਤੇ ਤਨਖਾਹ ਸਟੇਟਮੈਂਟਸ ਨੂੰ ਬਣਾਈ ਰੱਖਣ ਅਤੇ ਪ੍ਰਦਾਨ ਕਰਨ ਵਿੱਚ ਅਸਫ਼ਲ ਰਿਹਾ, ਇੱਕ ਡਰਾਈਵਰ ਨੂੰ ਕੀਤੇ ਗਏ ਟਰਿਪ ਲਈ ਪੀ ਐਮ ਆਰ ਦਾ ਭੁਗਤਾਨ ਕਰਨ ਵਿੱਚ ਅਸਫਲ ਰਿਹਾ ਅਤੇ *ਐਕਟ* ਦੀ ਉਲੰਘਣਾ ਵਿੱਚ ਗਣਿਤਿਕ ਗਲਤੀਆਂ ਦੇ ਕਾਰਨ ਕਈ ਆਈ/ਓ ਨੂੰ ਨਿਯੰਤਰਿਤ ਰੇਟਾਂ ਦਾ ਭੁਗਤਾਨ ਕਰਨ ਵਿੱਚ ਅਸਫ਼ਲ ਰਿਹਾ। ਇਹ ਵੀ ਪਾਇਆ ਗਿਆ ਕਿ ਪਰੂਡੈਂਸ਼ੀਅਲ ਨੇ *ਐਕਟ* ਅਤੇ ਆਪਣੇ ਸੀ ਟੀ ਐੱਸ ਲਾਈਸੈਂਸ ਦੀ ਉਲੰਘਣਾ ਕਰਦਿਆਂ ਗਲਤ ਕਟੌਤੀਆਂ ਕੀਤੀਆਂ, ਜਿਸ ਵਿੱਚ ਵਰਕਸੇਫ਼ ਬੀ ਸੀ ਨੂੰ ਅਦਾ ਕੀਤੇ ਪਰੀਮੀਅਮ ਦੀ ਵਸੂਲੀ ਲਈ ਇੱਕ ਡਰਾਈਵਰ ਤੋਂ ਕਈ ਕਟੌਤੀਆਂ ਸਮੇਤ ਵਪਾਰਕ ਲਾਗਤਾਂ ਦੀ ਕਟੌਤੀ ਸ਼ਾਮਲ ਸੀ। ਨਤੀਜੇ ਵਜੋਂ, ਉਹਨਾਂ ਨੂੰ 9,000.00 ਡਾਲਰ ਦੀ ਰਕਮ ਵਿੱਚ ਪ੍ਰਬੰਧਕੀ ਜੁਰਮਾਨਾ ਲਗਾਇਆ ਗਿਆ।

**ਪਰੋਵਿਨਸ਼ੀਅਲ ਟਰਾਂਸਪੋਰਟੇਸ਼ਨ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 20/2025) – 4,500.00 ਡਾਲਰ ਜੁਰਮਾਨਾ**
ਪਰੋਵਿਨਸ਼ੀਅਲ ਟਰਾਂਸਪੋਰਟੇਸ਼ਨ ਲਿਮਿਟਿਡ ਪੇਰੋਲ ਰਿਕਾਰਡ ਅਤੇ ਤਨਖਾਹ ਸਟੇਟਮੈਂਟਸ ਨੂੰ ਬਣਾਈ ਰੱਖਣ ਅਤੇ ਪ੍ਰਦਾਨ ਕਰਨ ਵਿੱਚ ਅਸਫ਼ਲ ਰਿਹਾ, *ਕੰਟੇਨਰ ਟਰੱਕਿੰਗ ਐਕਟ* ਦੀ ਧਾਰਾ 23 ਦੀ ਉਲੰਘਣਾ ਕਰਦਿਆਂ ਇੱਕ ਡਰਾਈਵਰ ਨੂੰ ਉਸ ਦੁਆਰਾ ਕੀਤੇ ਗਏ ਦੋ ਟਰਿਪਸ ਲਈ ਪੀ ਐਮ ਆਰ ਦਾ ਭੁਗਤਾਨ ਕਰਨ ਵਿੱਚ ਅਸਫ਼ਲ ਰਿਹਾ, ਅਤੇ ਆਪਣੇ ਸੀ ਟੀ ਐੱਸ ਲਾਈਸੈਂਸ ਦੀ ਉਲੰਘਣਾ ਵਿੱਚ ਗਲਤ ਕਟੌਤੀਆਂ ਕੀਤੀਆਂ। ਨਤੀਜੇ ਵਜੋਂ, ਉਹਨਾਂ ਨੂੰ 4,500.00 ਡਾਲਰ ਦੀ ਰਕਮ ਵਿੱਚ ਪ੍ਰਬੰਧਕੀ ਜੁਰਮਾਨਾ ਲਗਾਇਆ ਗਿਆ।

**ਸੁਪਰ ਸਟਾਰ ਟਰੱਕਿੰਗ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 19/2025) [ਰੀਕਨਸਿਡਰੇਸ਼ਨ ਫ਼ੈਸਲਾ]**
ਇਸ ਰੀਕਨਸਿਡਰੇਸ਼ਨ ਫ਼ੈਸਲੇ ਵਿੱਚ, ਕਮਿਸ਼ਨਰ ਨੇ ਫ਼ੈਸਲੇ ਦੇ ਨੋਟਿਸ 'ਤੇ ਪੁਨਰਵਿਚਾਰ ਲਈ ਸੁਪਰ ਸਟਾਰ ਟਰੱਕਿੰਗ ਲਿਮਿਟਿਡ ਦੀ ਅਰਜ਼ੀ ਨੂੰ ਖਾਰਜ ਕਰ ਦਿੱਤਾ ਅਤੇ 22 ਅਪ੍ਰੈਲ, 2025 ਤੋਂ ਛੇ ਮਹੀਨਿਆਂ ਲਈ, ਜਾਂ ਜਦੋਂ ਤੱਕ ਉਹ ਆਰਡਰ ਦੀ ਪਾਲਣਾ ਨਹੀਂ ਕਰਦਾ, ਜੋ ਵੀ ਪਹਿਲਾਂ ਹੁੰਦਾ ਹੈ, ਸੁਪਰ ਸਟਾਰ ਟਰੱਕਿੰਗ ਲਿਮਿਟਿਡ ਦੇ ਸੀ ਟੀ ਐੱਸ ਲਾਈਸੈਂਸ ਦੀ ਮੁਅੱਤਲੀ ਨੂੰ ਬਰਕਰਾਰ ਰੱਖਿਆ।

**ਕੈਨੇਡਾ ਡਰੇਅਜ ਇੰਕ. (ਸੀ ਟੀ ਸੀ ਫ਼ੈਸਲਾ ਨੰ. 18/2025) – 10,000.00 ਡਾਲਰ ਜੁਰਮਾਨਾ ਅਤੇ ਲਾਈਸੈਂਸ ਮੁਅੱਤਲ**
ਕੈਨੇਡਾ ਡਰੇਅਜ ਇੰਕ ਵਧਾਈ ਗਈ ਮਿਆਦ ਤੱਕ ਪੇਰੋਲ ਦਸਤਾਵੇਜ਼ ਪ੍ਰਦਾਨ ਕਰਨ ਦੇ ਆਰਡਰ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਿਹਾ। ਸੀ ਡੀ ਆਈ ਆਪਣੀ ਫ਼ਾਸਟਫ਼ਰੇਟ ਡਿਵੀਜ਼ਨ ਅਧੀਨ ਕੰਟੇਨਰ ਟਰੱਕਿੰਗ ਸੇਵਾਵਾਂ ਪ੍ਰਦਾਨ ਕਰਨ ਵਾਲੇ ਡਰਾਈਵਰਾਂ ਨੂੰ ਨਿਯੰਤਰਿਤ ਰੇਟਾਂ ਦਾ ਭੁਗਤਾਨ ਕਰਨ ਵਿੱਚ ਵੀ ਅਸਫ਼ਲ ਰਿਹਾ ਅਤੇ ਇੱਕ ਡਰਾਈਵਰ ਤੋਂ ਵਿੱਤੀ ਆਫ਼-ਸੈੱਟ ਕੱਟਿਆ। ਸਿਰਫ਼ ਲੋੜੀਂਦੇ ਰਿਕਾਰਡ ਪ੍ਰਦਾਨ ਕਰਨ ਵਿੱਚ ਅਸਫ਼ਲ ਰਹਿਣ ਦੇ ਆਧਾਰ 'ਤੇ, ਉਹਨਾਂ 'ਤੇ 10,000.00 ਡਾਲਰ ਦਾ ਪ੍ਰਬੰਧਕੀ ਜੁਰਮਾਨਾ ਲਗਾਇਆ ਗਿਆ ਅਤੇ ਛੇ ਮਹੀਨਿਆਂ ਲਈ ਜਾਂ ਜਦੋਂ ਤੱਕ ਸੀ ਡੀ ਆਈ ਆਰਡਰ ਦੀ ਪਾਲਣਾ ਨਹੀਂ ਕਰਦਾ ਲਾਈਸੈਂਸ ਮੁਅੱਤਲੀ ਦਾ ਪ੍ਰਸਤਾਵ ਰੱਖਿਆ ਗਿਆ। 31 ਜੁਲਾਈ, 2025 ਨੂੰ ਅਦਾਲਤ ਵੱਲੋਂ ਇੱਕ ਅਸਥਾਈ ਰੋਕ ਜਾਰੀ ਕੀਤੀ ਗਈ, ਜਿਸ ਨਾਲ ਰੀਕਨਸਿਡਰੇਸ਼ਨ ਫ਼ੈਸਲੇ ਤੱਕ ਸਸਪੈਂਸ਼ਨ ਰੋਕ ਦਿੱਤਾ ਗਿਆ।

**ਪਰੂਡੈਂਸ਼ੀਅਲ ਟਰਾਂਸਪੋਰਟੇਸ਼ਨ ਲਿਮਿਟਿਡ (ਸੀ ਟੀ ਸੀ ਫੈਸਲਾ ਨੰ. 17/2025) – 500.00 ਡਾਲਰ ਜੁਰਮਾਨਾ**
ਪਰੂਡੈਂਸ਼ੀਅਲ ਟਰਾਂਸਪੋਰਟੇਸ਼ਨ ਲਿਮਿਟਿਡ ਨੂੰ ਲੋਅਰ ਮੇਨਲੈਂਡ ਵਿੱਚ ਇੱਕ ਵੈਧ ਓ ਬੀ ਸੀ ਸੀ ਟੀ ਸੀ ਟੈਗ ਤੋਂ ਬਿਨਾਂ ਟਰੱਕ ਨਾਲ ਕੰਟੇਨਰ ਟਰੱਕਿੰਗ ਸੇਵਾਵਾਂ ਪ੍ਰਦਾਨ ਕਰਕੇ ਆਪਣੇ ਸੀ ਟੀ ਐੱਸ ਲਾਈਸੈਂਸ ਦੀ ਉਲੰਘਣਾ ਕਰਦੇ ਪਾਇਆ ਗਿਆ। ਨਤੀਜੇ ਵਜੋਂ, ਉਹਨਾਂ ਨੂੰ 500.00 ਡਾਲਰ ਦੀ ਰਕਮ ਵਿੱਚ ਪ੍ਰਬੰਧਕੀ ਜੁਰਮਾਨਾ ਲਗਾਇਆ ਗਿਆ।

**ਕੁਆਲਿਟੀ ਫ਼ੌਰੈਸਟ ਪ੍ਰੌਡਕਟਸ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 08/2025) – 100,000.00 ਡਾਲਰ ਜੁਰਮਾਨਾ**
ਇਹ ਨਿਰਧਾਰਤ ਕੀਤਾ ਗਿਆ ਕਿ ਕੁਆਲਿਟੀ ਫ਼ੌਰੈਸਟ ਪ੍ਰੌਡਕਟਸ ਲਿਮਿਟਿਡ (ਕਿਊ ਐੱਫ਼ ਪੀ) ਨੇ *ਐਕਟ* ਦੀ ਉਲੰਘਣਾ ਕੀਤੀ ਕਿਉਂਕਿ ਇਹ ਪਾਲਣਾ ਆਡਿਟ ਪੀਰੀਅਡ ਦੌਰਾਨ ਡਰਾਈਵਰਾਂ ਨੂੰ ਨਯਿੰਤਰਿਤ ਰੇਟਾਂ ਦਾ ਭੁਗਤਾਨ ਕਰਨ ਵਿੱਚ ਅਸਫ਼ਲ ਰਿਹਾ ਅਤੇ ਇਹ ਸ਼ਿਕਾਇਤਕਰਤਾਵਾਂ ਨੂੰ ਪੀ ਐਮ ਆਰ ਦਾ ਭੁਗਤਾਨ ਕਰਨ ਵਿੱਚ ਅਸਫ਼ਲ ਰਿਹਾ। ਕਿਊ ਐੱਫ਼ ਪੀ ਇਲੈਕਟ੍ਰਾਨਿਕ ਤੌਰ 'ਤੇ ਤਿਆਰ ਕੀਤੇ ਗਏ ਪੇਰੋਲ ਰਿਕਾਰਡ ਅਤੇ ਇਲੈਕਟ੍ਰਾਨਿਕ ਟਰੈਕਿੰਗ ਦੇ ਸਬੂਤ ਪ੍ਰਦਾਨ ਕਰਨ ਵਿੱਚ ਅਸਫ਼ਲ ਰਿਹਾ। ਕਿਊ ਐੱਫ਼ ਪੀ ਨੇ ਆਪਣੇ ਡਰਾਈਵਰਾਂ ਦੀਆਂ ਤਨਖਾਹਾਂ ਵਿੱਚੋਂ ਰਾਸ਼ਟਰੀ ਸੁਰੱਖਿਆ ਕੋਡ ਅਤੇ ਟ੍ਰੈਕਰ ਫ਼ੀਸਾਂ ਨੂੰ ਵੀ ਗਲਤ ਢੰਗ ਨਾਲ ਕੱਟਿਆ। ਇਹ ਮੰਗੇ ਜਾਣ 'ਤੇ ਪੇਰੋਲ ਰਿਕਾਰਡ ਪ੍ਰਦਾਨ ਕਰਨ ਵਿੱਚ ਵੀ ਅਸਫ਼ਲ ਰਿਹਾ, ਤਨਖ਼ਾਹ ਸਟੇਟਮੈਂਟਸ 'ਤੇ ਡਰਾਈਵਰਾਂ ਨੂੰ ਦਿੱਤੇ ਗਏ ਘੰਟਾਵਾਰੀ ਰੇਟ ਰਿਕਾਰਡ ਕਰਨ ਵਿੱਚ ਅਸਫ਼ਲ ਰਿਹਾ, ਅਤੇ ਸਹੀ ਰਿਕਾਰਡ ਪ੍ਰਦਾਨ ਕਰਨ ਵਿੱਚ ਅਸਫ਼ਲ ਰਿਹਾ। ਅੰਤ ਵਿੱਚ, ਇਹ ਪਾਇਆ ਗਿਆ ਕਿ ਕਿਊ ਐੱਫ਼ ਪੀ ਨੇ 2024 ਦੇ ਆਦੇਸ਼ਾਂ ਦੀ ਉਲੰਘਣਾ ਕੀਤੀ ਅਤੇ ਆਪਣੇ ਪੇਰੋਲ ਰਿਕਾਰਡਾਂ ਨਾਲ ਛੇੜਛਾੜ ਕੀਤੀ। ਨਤੀਜੇ ਵਜੋਂ, ਉਹਨਾਂ ਨੂੰ 100,000.00 ਡਾਲਰ ਦੀ ਰਕਮ ਵਿੱਚ ਪ੍ਰਬੰਧਕੀ ਜੁਰਮਾਨਾ ਲਗਾਇਆ ਗਿਆ।

**ਓ ਬੀ ਸੀ ਸੀ ਟੀ ਸੀ ਦੇ ਸਾਰੇ ਫ਼ੈਸਲੇ ਇੱਥੇ ਵੇਖੋ**

# ਕੀ ਤੁਸੀਂ ਜਾਣਦੇ ਹੋ?

## ਕਾਨੂੰਨੀ ਜਾਣਕਾਰੀਆਂ — ਸਿਰਫ਼ ਇੱਕ ਕਲਿੱਕ ਦੂਰ

ਤੁਸੀ ਕਾਨੂੰਨੀ ਡੇਟਾਬੇਸਾਂ ਵਿੱਚ ਖੋਜ ਕੀਤੇ ਬਿਨਾਂ ਆਸਾਨੀ ਨਾਲ ਓ ਬੀ ਸੀ ਸੀ ਟੀ ਸੀ ਵਿਰੁੱਧ ਦਾਇਰ ਕੀਤੀਆਂ ਗਈਆਂ ਨਿਆਂਇਕ ਸਮੀਖਿਆਵਾਂ ਦੇ ਅਦਾਲਤੀ ਫ਼ੈਸਲਿਆਂ ਨੂੰ ਵੇਖ ਸਕਦੇ ਹੋ। ਅਸੀ ਇਹਨਾਂ ਨੂੰ ਆਪਣੀ ਵੈੱਬਸਾਈਟ 'ਤੇ ਆਸਾਨੀ ਨਾਲ ਪਹੁੰਚਯੋਗ ਬਣਾਇਆ ਹੈ। ਇਹ ਸਮਰਪਿਤ ਪੰਨਾ ਪੁਰਾਣੇ ਅਤੇ ਹਾਲੀਆ ਫ਼ੈਸਲਿਆਂ ਨੂੰ ਇੱਕ ਸੁਵਿਧਾਜਨਕ ਸਥਾਨ 'ਤੇ ਇਕੱਠਾ ਕਰਦਾ ਹੈ, ਤਾਂ ਜੋ ਤੁਸੀ ਇਸ ਬਾਰੇ ਸੂਚਿਤ ਰਹਿ ਸਕੋ ਕਿ ਅਦਾਲਤਾਂ ਨੇ ਓ ਬੀ ਸੀ ਸੀ ਟੀ ਸੀ ਨਾਲ ਸਬੰਧਤ ਮਾਮਲਿਆਂ 'ਤੇ ਕਿਵੇਂ ਫ਼ੈਸਲੇ ਸੁਣਾਏ ਹਨ। ਭਾਵੇਂ ਤੁਸੀ ਇੱਕ ਲਾਈਸੈਂਸੀ ਹੋ, ਇੰਡਸਟਰੀ ਸਟੇਕਹੋਲਡਰ ਹੋ, ਜਾਂ ਸਿਰਫ਼ ਕਾਨੂੰਨੀ ਦ੍ਰਿਸ਼ਟੀਕੋਣ ਬਾਰੇ ਉਤਸੁਕ ਹੋ, ਇਹ ਸਰੋਤ ਪਾਰਦਰਸ਼ਤਾ, ਸੂਝ, ਅਤੇ ਸਾਡੇ ਉਦਯੋਗ ਨੂੰ ਆਕਾਰ ਦੇਣ ਵਾਲੇ ਅਧਿਕਾਰਤ ਰਿਕਾਰਡਾਂ ਨਾਲ ਸਿੱਧੀ ਕੜੀ ਪ੍ਰਦਾਨ ਕਰਦਾ ਹੈ।

ਇੱਥੇ ਨਿਆਂਇਕ ਸਮੀਖਿਆਵਾਂ ਪੜ੍ਹੋ

## ਟੈਗ ਨਹੀਂ, ਤਾਂ ਟਰਿਪ ਨਹੀਂ!
## ਜੁਰਮਾਨਿਆਂ ਤੋਂ ਬਚਣ ਲਈ ਓ ਬੀ ਸੀ ਸੀ ਟੀ ਸੀ ਦੇ ਨਿਯਮਾਂ ਦੀ ਪਾਲਣਾ ਕਰੋ।

ਲੋਅਰ ਮੇਨਲੈਂਡ ਵਿੱਚ ਸੀ ਟੀ ਐੱਸ ਲਾਈਸੈਂਸੀਸ ਦੁਆਰਾ ਆਨ-ਡੌਕ ਅਤੇ ਆਫ਼-ਡੌਕ ਕੰਟੇਨਰ ਟਰੱਕਿੰਗ ਸੇਵਾਵਾਂ ਪ੍ਰਦਾਨ ਕਰਨ ਲਈ ਵਰਤੇ ਜਾਣ ਵਾਲੇ ਹਰੇਕ ਟਰੱਕ 'ਤੇ ਓ ਬੀ ਸੀ ਸੀ ਟੀ ਸੀ ਟੈਗ ਦੇ ਨਾਲ 2024-2026 ਐਕਸਪਾਇਰੀ ਡੈਕਲ ਲੱਗਾ ਹੋਣਾ ਲਾਜ਼ਮੀ ਹੈ। ਜੇਕਰ ਕੋਈ ਟਰੱਕ ਬਦਲਿਆ ਜਾਂਦਾ ਹੈ, ਭਾਵੇਂ ਸੇਵਾ ਤੋਂ ਬਾਹਰ ਹੋਣ ਕਰਕੇ, ਜਾਂ ਸ਼ੱਪ ਵਿੱਚ ਹੋਣ ਕਰਕੇ, ਜਾਂ ਵੇਚੇ ਜਾਣ ਕਰਕੇ, ਜਾਂ ਕਿਸੇ ਹੋਰ ਟਰੱਕ ਨਾਲ ਬਦਲੇ ਜਾਣ ਕਰਕੇ, ਤਾਂ ਇਹ ਲਾਈਸੈਂਸੀ ਦੀ ਜ਼ਿੰਮੇਵਾਰੀ ਹੈ ਕਿ ਉਹ ਓ ਬੀ ਸੀ ਸੀ ਟੀ ਸੀ ਨੂੰ ਸੂਚਿਤ ਕਰਨ, ਪੁਰਾਣਾ ਟੈਗ ਵਾਪਸ ਕਰਨ, ਅਤੇ ਸੇਵਾ ਵਿੱਚ ਪਾਉਣ ਤੋਂ ਪਹਿਲਾਂ ਰਿਪਲੇਸਮੈਂਟ ਟਰੱਕ ਲਈ ਇੱਕ ਨਵਾਂ ਟੈਗ ਪ੍ਰਾਪਤ ਕਰਨ। ਪਾਲਣਾ ਨਾ ਕਰਨ ਦੇ ਨਤੀਜੇ ਵਜੋਂ ਪ੍ਰਬੰਧਕੀ ਜੁਰਮਾਨਾ ਹੋ ਸਕਦਾ ਹੈ। ਟੈਗਸ ਅਤੇ ਡੈਕਲਸ ਨੂੰ ਟਰੱਕ 'ਤੇ ਪ੍ਰਦਰਸ਼ਿਤ ਅਤੇ ਢੁਕਵਾਂ ਰੱਖਣਾ ਪਾਲਣਾ ਕਰਨ ਅਤੇ ਜੁਰਮਾਨਿਆਂ ਤੋਂ ਬਚਣ ਲਈ ਇੱਕ ਸਧਾਰਨ ਪਰ ਜ਼ਰੂਰੀ ਕਦਮ ਹੈ।

registrar@obcctc.ca 'ਤੇ ਸਾਨੂੰ ਸੂਚਿਤ ਕਰੋ



ਸਾਡੇ ਨਾਲ ਜੁੜੇ ਰਹੋ!

ਸਾਨੂੰ ਫ਼ੇਸਬੁੱਕ 'ਤੇ

ਫ਼ਾਲੋ ਕਰਨਾ

ਨਾਂ ਭੁੱਲੋ


OFFICE OF THE
BRITISH COLUMBIA CONTAINER
TRUCKING COMMISSIONER

1085 ਕੈਮਬੀ ਸਟ੍ਰੀਟ, ਵੈਨਕੂਵਰ ਬੀ ਸੀ V6B 5L7
ਫ਼ੋਨ: 604-660-6051 | ਫ਼ੈਕਸ: 604-660-6045 | ਈਮੇਲ: info@obcctc.ca | obcctc.ca